ਸ਼੍ਰੇਣੀ-ਬਾਰ੍ਹਵੀਂ

ਲਾਜ਼ਮੀ ਪੰਜਾਬੀ (ਵਿਲੱਖਣ ਸਮਰੱਥਾ ਵਾਲ਼ੇ ਵਿਦਿਆਰਥੀਆਂ ਲਈ)

ਨਮੂਨਾ ਪ੍ਰਸ਼ਨ-ਪੱਤਰ (2025-26)

**ਸਮਾਂ: ਤਿੰਨ ਘੰਟੇ** **ਕੁੱਲ ਅੰਕ: 80**

**(1)** ਪ੍ਰਸ਼ਨ-ਪੱਤਰ ਦੇ ਕੁੱਲ **8** ਪ੍ਰਸ਼ਨ ਹਨ।

**(2)** ਸਾਰੇ ਪ੍ਰਸ਼ਨ ਜ਼ਰੂਰੀ ਹਨ।

**(3)** ਵਸਤੂਨਿਸਠ ਪ੍ਰਸ਼ਨਾਂ ਦੇ ਚਾਰ ਭਾਗ (ੳ), (ਅ), (ੲ) ਅਤੇ (ਸ) ਹਨ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ।

**ਪ੍ਰਸ਼ਨ** 1. ਵਸਤੂਨਿਸ਼ਠ ਪ੍ਰਸ਼ਨ: 20×2=40

ਭਾਗ (ੳ) : ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :

1. ਪੰਜਾਬ ਵਿੱਚ ਨਵਾਂ ਸੰਮਤ ਕਦੋਂ ਮਨਾਇਆ ਜਾਂਦਾ ਹੈ?
2. ਪੰਜਾਬੀ ਗੱਭਰੂਆਂ ਦਾ ਪ੍ਰਮੁੱਖ ਲੋਕ-ਨਾਚ ਕਿਹੜਾ ਹੈ ?
3. 'ਵਾਰਸ ਸ਼ਾਹ' ਕਵਿਤਾ ਦਾ ਕਵੀ ਕੌਣ ਹੈ ?
4. ਲੋਹੇ ਦਾ ਕਿੱਤਾ ਕਰਨ ਵਾਲ਼ੇ ਨੂੰ ਕੀ ਕਿਹਾ ਜਾਂਦਾ ਹੈ ?
5. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਹਾਣੀਆਂ ਵਿੱਚੋਂ 'ਬੁੱਢੀ ਮਾਈ' ਕਿਸ ਕਹਾਣੀ ਦੀ ਪਾਤਰ ਹੈ ?

ਭਾਗ (ਅ) : ਬਹੁ-ਚੋਣਵੇਂ ਪ੍ਰਸ਼ਨ:

1. ਪੰਜਾਬ ਨੂੰ 'ਸਪਤ-ਸਿੰਧੂ' ਕਿਸ ਕਾਲ ਵਿੱਚ ਕਿਹਾ ਜਾਂਦਾ ਸੀ ?

(ੳ) ਆਰੀਆ ਕਾਲ ਵਿੱਚ (ਅ) ਦਰਾਵਿੜ ਕਾਲ ਵਿੱਚ

(ੲ) ਰਿਗਵੈਦਿਕ ਕਾਲ ਵਿੱਚ (ਸ) ਹੜੱਪਾ ਕਾਲ ਵਿੱਚ

2. ਰੂਪ ਦੇ ਪੱਖ ਤੋਂ ਨਕਲਾਂ ਕਿੰਨੀ ਕਿਸਮ ਦੀਆਂ ਹੁੰਦੀਆਂ ਹਨ ?

(ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

3. ਹੇਠ ਲਿਖਿਆਂ ਵਿੱਚੋਂ 'ਸਾਂਝ' ਕਹਾਣੀ ਨਾਲ਼ ਸੰਬੰਧਿਤ ਪਾਤਰ ਕਿਹੜਾ ਹੈ ?

(ੳ) ਨਿਰੰਜਣ ਸਿੰਘ (ਅ) ਗਵਾਲਾ

(ੲ) ਹਰਿੰਦਰ (ਸ) ਪ੍ਰੋ. ਐੱਮ. ਐੱਲ. ਮਲ੍ਹੋਤਰਾ

4. ਪੂਰਨ ਸਿੰਘ ਦੀ ਲਿਖੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ?

(ੳ) ਚੁੰਮ-ਚੁੰਮ ਰੱਖੋ (ਅ) ਪੁਰਾਣੇ ਪੰਜਾਬ ਨੂੰ ਅਵਾਜ਼ਾਂ

(ੲ) ਮੇਰਾ ਬਚਪਨ (ਸ) ਵਾਰਸ ਸ਼ਾਹ

5. 'ਇੱਕ ਚੁੱਪ ਤੇ_______________।' ਅਖਾਉਤ ਨੂੰ ਪੂਰਾ ਕਰੋ :

(ੳ) ਸਾਰੇ ਚੁੱਪ (ਅ) ਬੀਜੋ ਰੁੱਖ

(ੲ) ਦੋ ਟੁੱਕ (ਸ) ਸੌ ਸੁੱਖ

ਭਾਗ (ੲ) : ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ :

1. ਪਾਣੀ ਚਾਨਣ ਦਾ ਚਿੰਨ੍ਹ ਹੈ।
2. ਕਬੱਡੀ ਪੰਜਾਬੀਆਂ ਦੀ ਰਾਸ਼ਟਰੀ ਖੇਡ ਹੈ।
3. ਲੋਕ-ਕਲਾ ਦੇ ਨਿਯਮ ਸਖ਼ਤ ਹੁੰਦੇ ਹਨ।
4. 'ਸਤੀਆ ਸੇਈ' ਕਹਾਣੀ ਪ੍ਰੇਮ ਪ੍ਰਕਾਸ਼ ਦੀ ਲਿਖੀ ਹੋਈ ਹੈ।
5. 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਸੁਰਜੀਤ ਪਾਤਰ ਦੀ ਰਚਨਾ ਹੈ।

ਭਾਗ (ਸ) : ਖ਼ਾਲੀ ਥਾਂਵਾਂ ਭਰੋ:

1. ਨਕਲਾਂ ਖੇਡਣ ਲਈ____________ ਪ੍ਰਕਾਰ ਦਾ ਪਿੜ ਵਰਤਿਆ ਜਾਂਦਾ ਹੈ। (ਤਿੰਨ/ਚਾਰ)
2. _______________ ਲੋਕ-ਨਾਚ ਗਿੱਧੇ ਦੀ ਨਰਸਰੀ ਹੈ। (ਲੁੱਡੀ/ਕਿੱਕਲੀ)
3. 'ਤਾਜ ਮਹਲ' ਕਵਿਤਾ ____________ ਨੇ ਲਿਖੀ ਹੈ। (ਪ੍ਰੋ. ਮੋਹਨ ਸਿੰਘ/ਦੀਵਾਨ ਸਿੰਘ ਕਾਲੇਪਾਣੀ)
4. ਸੰਗ ਤਾਰੇ-____________ । (ਕੁਸੰਗ ਮਾਰੇ/ਕੁਸੰਗ ਡੋਬੇ)
5. ਇੱਕ ਅਨਾਰ_______________। (ਸੌ ਬਿਮਾਰ/ਸਭ ਦਾ ਯਾਰ)

ਪ੍ਰਸ਼ਨ 2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ: 3×2=6

**ਕੁਝ ਸਮੇਂ ਤੋਂ ਪੰਜਾਬੀ ਭਾਈਚਾਰੇ ਅੰਦਰ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਵਧੀ ਹੈ। ਇਹ ਪੰਜਾਬੀ ਸੱਭਿਆਚਾਰ 'ਤੇ ਵੱਡਾ ਧੱਬਾ ਹੈ। ਪਹਿਲਾਂ ਸ਼ਰਾਬ ਅਮੀਰਾਂ ਦੀ ਅੱਯਾਸ਼ੀ ਦਾ ਚਿੰਨ੍ਹ ਮੰਨੀ ਜਾਂਦੀ ਸੀ। ਆਮ ਆਦਮੀ ਕਦੇ ਵਿਆਹ-ਸ਼ਾਦੀ ਜਾਂ ਮੇਲੇ-ਤਿਉਹਾਰ ਸਮੇਂ ਇਸ ਦੀ ਵਰਤੋਂ ਕਰ ਲੈਂਦਾ ਸੀ ਪਰ ਅੱਜ ਸ਼ਰਾਬ ਦੀ ਖਪਤ ਜਿੰਨੀ ਵਧ ਗਈ ਹੈ ਅਤੇ ਇਸ ਨੂੰ ਬੁਰਾਈ ਦੀ ਥਾਂਵੇਂ ਸੱਭਿਆਚਾਰਿਕ ਦਿਖਾਵੇ ਵਜੋਂ ਜਿਵੇਂ ਵਰਤਾਇਆ ਜਾ ਰਿਹਾ ਹੈ ਅਤੇ ਪੰਜਾਬੀ ਗੀਤ-ਸੰਗੀਤ ਵਿੱਚ ਇਸ ਨੂੰ ਉਚਿਆਇਆ ਜਾ ਰਿਹਾ ਹੈ, ਉਹ ਸੱਚ-ਮੁੱਚ ਚਿੰਤਾ ਦਾ ਵਿਸ਼ਾ ਹੈ। ਇਹ ਨਸ਼ੇ ਸਰੀਰ ਲਈ ਨੁਕਸਾਨਦੇਹ ਹਨ। ਬੰਦਿਆਂ ਨੂੰ**

**ਮਾਨਸਿਕ ਤੌਰ 'ਤੇ ਅਪਾਹਜ ਬਣਾਉਂਦੇ ਹਨ ਤੇ ਉਹਨਾਂ ਨੂੰ ਆਰਥਿਕ ਤੌਰ 'ਤੇ ਢਾਹ ਵੀ ਲਾਉਂਦੇ ਹਨ। ਅੱਜ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਾ ਰਹੇ ਹਨ। ਇਹ ਸਾਡੇ ਸੱਭਿਆਚਾਰ ਦਾ ਇੱਕ ਬਹੁਤ ਹੀ ਮਾੜਾ ਪੱਖ ਹੈ। ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਸਖ਼ਤ ਕਨੂੰਨ ਬਣਾਉਣ ਦੀ ਜ਼ਰੂਰਤ ਹੈ।**

(ੳ) ਉੱਪਰ ਦਿੱਤਾ ਪੈਰਾ ਕਿਸ ਲੇਖ ਨਾਲ਼ ਸੰਬੰਧਿਤ ਹੈ ਅਤੇ ਇਸ ਦਾ ਲੇਖਕ ਕੌਣ ਹੈ?

(ਅ) ਪੰਜਾਬੀ ਗੀਤ-ਸੰਗੀਤ ਵਿੱਚ ਕਿਸ ਨੂੰ ਉਚਿਆਇਆ ਜਾ ਰਿਹਾ ਹੈ?

(ੲ) ਨਸ਼ੇ ਮਨੁੱਖ ਦਾ ਨੁਕਸਾਨ ਕਿਵੇਂ ਕਰਦੇ ਹਨ?

ਪ੍ਰਸ਼ਨ 3. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ: 2×3=6

(ੳ) ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ ?
(ਅ) ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ?
(ੲ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?
(ਸ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ?

ਪ੍ਰਸ਼ਨ 4. ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫਾਰਮ ਖ਼ਰੀਦਣ ਲਈ ਗ੍ਰਾਂਟ ਆਈ ਹੈ।ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ। 2+4+1=7

ਜਾਂ

ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਨੂੰ ਪੱਤਰ ਲਿਖੋ ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ।

ਪ੍ਰਸ਼ਨ 5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ: 4+1=5

**ਸਰੀਰ ਮਨ ਦਾ ਘੋੜਾ ਹੈ । ਜਿਸ ਤਰ੍ਹਾਂ ਮਨ ਇਸ ਨੂੰ ਚਲਾਉਂਦਾ ਹੈ, ਉਸੇ ਤਰ੍ਹਾਂ ਚੱਲਦਾ ਹੈ ਪਰ ਜੀਵਨ ਦੀ ਖੇਡ ਖੇਡਣ ਲਈ ਅਤੇ ਜ਼ਿੰਦਗੀ ਦੀ ਵਾਟ ਕੱਟਣ ਲਈ ਘੋੜੇ ਨੂੰ ਵੀ ਰਿਸ਼ਟ-ਪੁਸ਼ਟ ਰੱਖਣਾ ਜ਼ਰੂਰੀ ਹੈ । ਜੇ ਘੋੜਾ ਮਰੀਅਲ ਹੋ ਜਾਏ ਤਾਂ ਮਨ ਅਤੇ ਆਤਮਾ ਦੀ ਖੇਡ ਵੀ ਢਿੱਲੀ ਪੈ ਜਾਂਦੀ ਹੈ । ਇਸ ਸਰੀਰ- ਘੋੜੇ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਇਸ ਦੀ ਚੰਗੀ ਦੇਖ-ਭਾਲ ਜ਼ਰੂਰੀ ਹੈ। ਸਾਡਾ ਸਰੀਰ ਅਰਬਾਂ-ਖ਼ਰਬਾਂ ਜੀਵਾਣੂਆਂ ਅਥਵਾ ਜਿਉਂਦੇ ਸੈੱਲਾਂ ਦਾ ਬਣਿਆ ਹੋਇਆ ਹੈ। ਇਹਨਾਂ ਵਿੱਚੋਂ ਲੱਖਾਂ-ਕਰੋੜਾਂ ਹਰ ਰੋਜ਼ ਮਰਦੇ ਅਤੇ ਉਹਨਾਂ ਦੀ ਥਾਂ ਲੈਣ ਲਈ ਲੱਖਾਂ-ਕਰੋੜਾਂ ਹਰ ਰੋਜ਼ ਜੰਮਦੇ ਹਨ । ਨਿਰੋਏ ਜੀਵਾਣੂ ਬਣਾਉਣ ਲਈ ਖ਼ੂਨ ਦਾ ਨਿਰੋਆ ਹੋਣਾ ਲਾਜ਼ਮੀ ਹੈ । ਖ਼ੂਨ ਬਣਦਾ ਹੈ; ਖ਼ੁਰਾਕ ਤੋਂ, ਜਲ ਤੋਂ, ਵਾਯੂ ਤੋਂ । ਨਿਰਮਲ ਜਲ, ਖੁੱਲ੍ਹੀ ਸ੍ਵਛ ਹਵਾ ਅਤੇ ਸ਼ੁੱਧ ਆਹਾਰ। ਇਹ ਸਭ ਕੁਝ ਹੋਵੇ ਤਾਂ ਹੀ ਸਰੀਰ ਰਿਸ਼ਟ-ਪੁਸ਼ਟ ਬਣਿਆ ਰਹਿ ਸਕਦਾ ਹੈ। ਘੱਟ ਖਾਣਾ, ਸੰਤੁਲਿਤ ਖ਼ੁਰਾਕ ਖਾਣੀ, ਖ਼ੂਬ ਚਿੱਥ-ਚਿੱਥ ਕੇ ਖਾਣੀ, ਮੁਸ਼ੱਕਤ ਜਾਂ ਕਸਰਤ ਕਰਨੀ, ਖ਼ੁਸ਼ ਰਹਿਣਾ, ਤਾਜ਼ਾ ਆਕਸੀਜਨ-ਭਰਪੂਰ ਹਵਾ ਫੱਕਣੀ ਅਤੇ ਨਿਰਮਲ ਜਲ ਪੀਣਾ-ਇਹੋ ਹੀ ਤੰਦਰੁਸਤੀ ਅਤੇ ਦੀਰਘ ਉਮਰ ਦਾ ਨੁਸਖ਼ਾ ਹੈ ।**

ਪ੍ਰਸ਼ਨ 6. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ : 3×2=6

(ੳ) ਹੱਥ ਨੂੰ ਹੱਥ ਧੋਂਦਾ ਹੈ

(ਅ) ਅੱਗੇ ਸੱਪ ਤੇ ਪਿੱਛੇ ਸ਼ੀਂਹ

(ੲ) ਕੋਹ ਨਾ ਚੱਲੀ ਬਾਬਾ ਤਿਹਾਈ

(ਸ) ਆਪਣਾ ਮਾਰੇਗਾ ਤਾਂ ਛਾਂਵੇਂ ਹੀ ਸੁੱਟੇਗਾ

(ਹ) ਮਨ ਜੀਤੈ ਜਗੁ ਜੀਤੁ

7. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 4

(ੳ) ਟੁਕੜੀ ਜੱਗ ਤੋਂ ਨਯਾਰੀ (ਭਾਈ ਵੀਰ ਸਿੰਘ)

(ਅ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

(ੲ) ਮੇਰਾ ਬਚਪਨ (ਹਰਿਭਜਨ ਸਿੰਘ)

8. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ: 6

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਘਰ ਜਾਹ ਆਪਣੇ (ਗੁਲਜਾਰ ਸਿੰਘ ਸੰਧੂ)